
ਲਈ ਉਸਦੇ ਨਾਲ ਰਹਾਂਗੇ। (ਪਰਕਾਸ਼ ਦੀ ਪੋਥੀ 21 ਅਤੇ 22)

ਇਹੀ ਹੈ ਸੱਚਮੁੱਚ ਦੀ ਖੁਸ਼ਖਬਰੀ ਵਾਲੀ ਅੰਤਿਮ ਕਹਾਣੀ। ਤੁਸੀਂ ਆਪਣੇ ਭਵਿੱਖ ਦੀ ਤਿਆਰੀ ਲਈ ਵਧੀਆ ਤਰੀਕੇ ਨਾਲ ਕਰ ਸਕਦੇ ਹੋ, ਜੇਕਰ ਤੁਸੀਂ ਅੱਜ ਹੀ ਯਿਸੂ ਮਸੀਹ ਨੂੰ ਆਪਣੇ ਜੀਵਨ ਅਤੇ ਦਿਲ ਵਿੱਚ ਸਵੀਕਾਰ ਕਰੋ। ਉਹ ਤੁਹਾਡੀ ਪ੍ਰਾਰਥਨਾ ਸੁਣੇਗਾ ਅਤੇ ਅੱਜ ਤੋਂ ਸਦਾ ਲਈ ਤੁਸੀਂ ਉਸ ਦੀ ਮੌਜੂਦਗੀ ਅਤੇ ਪਿਆਰ ਨਾਲ ਭਰ ਜਾਵੋਗੇ। ਤੁਸੀਂ ਇਹ ਪ੍ਰਾਰਥਨਾ ਕਰਕੇ ਆਪਣਾ ਦਿਲ ਖੋਲ੍ਹ ਸਕਦੇ ਹੋ:

ਪਿਆਰੇ ਯਿਸੂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਮਰੇ ਅਤੇ ਤੁਸੀਂ ਮੈਨੂੰ ਪਿਆਰ ਕੀਤਾ ਹੈਂ। ਮੈਨੂੰ ਪਤਾ ਹੈ ਕਿ ਮੈਨੂੰ ਆਪਣੇ ਜੀਵਨ ਵਿੱਚ ਤੁਹਾਡੀ ਮੌਜੂਦਗੀ ਦੀ ਲੋੜ ਹੈ। ਮੈਂ ਆਪਣਾ ਦਿਲ ਤੇਰੇ ਲਈ ਖੋਲ੍ਹਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਵਿੱਚ ਆ ਜਾਓ। ਕਿਰਪਾ ਕਰਕੇ ਮੇਰੇ ਪਾਪ ਮਾਫ਼ ਕਰੋ। ਸਦਾ ਦਾ ਜੀਵਨ ਦੇਣ ਲਈ ਅਤੇ ਪਾਪਾਂ ਦੀ ਮਾਫੀ ਲਈ ਤੁਹਾਡਾ ਧੰਨਵਾਦ। ਤੁਹਾਨੂੰ ਪਿਆਰ ਕਰਨ ਅਤੇ ਹੋਰਾਂ ਨਾਲ ਤੁਹਾਡਾ ਪਿਆਰ ਅਤੇ ਸੱਚਾਈ ਸਾਂਝੀ ਕਰਨ ਵਿੱਚ ਮੇਰੀ ਮੱਦਦ ਕਰੋ। ਆਮੀਨ।

© 2021 Activated
To learn more, visit our website at: https://activated.org/en/.





ਲਈ ਉਸਦੇ ਨਾਲ ਰਹਾਂਗੇ। (ਪਰਕਾਸ਼ ਦੀ ਪੋਥੀ 21 ਅਤੇ 22)

ਇਹੀ ਹੈ ਸੱਚਮੁੱਚ ਦੀ ਖੁਸ਼ਖਬਰੀ ਵਾਲੀ ਅੰਤਿਮ ਕਹਾਣੀ। ਤੁਸੀਂ ਆਪਣੇ ਭਵਿੱਖ ਦੀ ਤਿਆਰੀ ਲਈ ਵਧੀਆ ਤਰੀਕੇ ਨਾਲ ਕਰ ਸਕਦੇ ਹੋ, ਜੇਕਰ ਤੁਸੀਂ ਅੱਜ ਹੀ ਯਿਸੂ ਮਸੀਹ ਨੂੰ ਆਪਣੇ ਜੀਵਨ ਅਤੇ ਦਿਲ ਵਿੱਚ ਸਵੀਕਾਰ ਕਰੋ। ਉਹ ਤੁਹਾਡੀ ਪ੍ਰਾਰਥਨਾ ਸੁਣੇਗਾ ਅਤੇ ਅੱਜ ਤੋਂ ਸਦਾ ਲਈ ਤੁਸੀਂ ਉਸ ਦੀ ਮੌਜੂਦਗੀ ਅਤੇ ਪਿਆਰ ਨਾਲ ਭਰ ਜਾਵੋਗੇ। ਤੁਸੀਂ ਇਹ ਪ੍ਰਾਰਥਨਾ ਕਰਕੇ ਆਪਣਾ ਦਿਲ ਖੋਲ੍ਹ ਸਕਦੇ ਹੋ:

ਪਿਆਰੇ ਯਿਸੂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਮਰੇ ਅਤੇ ਤੁਸੀਂ ਮੈਨੂੰ ਪਿਆਰ ਕੀਤਾ ਹੈਂ। ਮੈਨੂੰ ਪਤਾ ਹੈ ਕਿ ਮੈਨੂੰ ਆਪਣੇ ਜੀਵਨ ਵਿੱਚ ਤੁਹਾਡੀ ਮੌਜੂਦਗੀ ਦੀ ਲੋੜ ਹੈ। ਮੈਂ ਆਪਣਾ ਦਿਲ ਤੇਰੇ ਲਈ ਖੋਲ੍ਹਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਵਿੱਚ ਆ ਜਾਓ। ਕਿਰਪਾ ਕਰਕੇ ਮੇਰੇ ਪਾਪ ਮਾਫ਼ ਕਰੋ। ਸਦਾ ਦਾ ਜੀਵਨ ਦੇਣ ਲਈ ਅਤੇ ਪਾਪਾਂ ਦੀ ਮਾਫੀ ਲਈ ਤੁਹਾਡਾ ਧੰਨਵਾਦ। ਤੁਹਾਨੂੰ ਪਿਆਰ ਕਰਨ ਅਤੇ ਹੋਰਾਂ ਨਾਲ ਤੁਹਾਡਾ ਪਿਆਰ ਅਤੇ ਸੱਚਾਈ ਸਾਂਝੀ ਕਰਨ ਵਿੱਚ ਮੇਰੀ ਮੱਦਦ ਕਰੋ। ਆਮੀਨ।

© 2021 Activated
To learn more, visit our website at: https://activated.org/en/.



ਬਾਈਬਲ ਭਵਿੱਖਬਾਣੀਆਂ ਨਾਲ ਭਰੀ ਹੋਈ ਹੈ — ਅਜਿਹੀਆਂ ਭਵਿੱਖਬਾਣੀਆਂ ਜੋ ਪਰਮੇਸ਼ੁਰ ਦੇ ਨਬੀਆਂ ਵੱਲੋਂ ਹਜ਼ਾਰਾਂ ਸਾਲ ਪਹਿਲਾਂ ਲਿਖੀਆਂ ਗਈਆਂ ਸਨ। ਇਹ ਭਵਿੱਖਬਾਣੀਆਂ ਅੱਜ ਦੇ ਸੰਸਾਰ ਦੀ ਹਕੀਕਤ ਅਤੇ ਹੋ ਰਹੀਆਂ ਘਟਨਾਵਾਂ ਦਾ ਬਹੁਤ ਸਟੀਕ ਢੰਗ ਨਾਲ ਵੇਰਵਾ ਦਿੰਦੀਆਂ ਹਨ। ਅਸੀਂ ਹੁਣ ਉਸ ਸਮੇਂ ਵਿਚ ਜੀ ਰਹੇ ਹਾਂ, ਜਿਸ ਨੂੰ ਬਾਈਬਲ "ਅੰਤ ਸਮਾਂ" ਕਹਿੰਦੀ ਹੈ—ਇਹ ਉਹ ਦੌਰ ਹੈ ਜੋ ਮਨੁੱਖੀ ਇਤਿਹਾਸ ਦੇ ਅੰਤ ਅਤੇ ਯਿਸੂ ਮਸੀਹ ਦੀ ਦੂਜੀ ਆਮਦ ਤੋਂ ਪਹਿਲਾਂ ਜਦ ਉਹ ਧਰਤੀ ਉੱਤੇ ਆਪਣਾ ਰਾਜ ਕਾਇਮ ਕਰੇਗਾ ਉਸ ਸਮੇ ਨੂੰ ਦਰਸਾਉਂਦਾ ਹੈ।

ਬਾਈਬਲ ਸਾਨੂੰ ਚੇਤਾਵਨੀ ਦਿੰਦੀ ਹੈ ਕਿ "ਅਖੀਰੀ ਦਿਨਾਂ" ਦੇ ਅੰਤ ਵਿੱਚ ਇੱਕ ਸ਼ਕਤੀਸ਼ਾਲੀ ਵਿਸ਼ਵ ਸਰਕਾਰ ਉੱਭਰੇਗੀ, ਜਿਸਦਾ ਨੇਤਾ ਇੱਕ ਤਾਨਾਸ਼ਾਹ ਹੋਵੇਗਾ ਜਿਸਨੂੰ ਬਾਈਬਲ 'ਮਸੀਹ ਵਿਰੋਧੀ' ਕਹਿੰਦੀ ਹੈ। ਉਹ ਲੋਕਾਂ ਨੂੰ ਮਜਬੂਰ ਕਰੇਗਾ ਕਿ ਉਹ ਉਸਦੀ ਉਪਾਸਨਾ ਕਰਨ। (2 ਥੱਸਲੁਨੀਕੀਆਂ 2 ਵੇਖੋ) ਜੋ ਲੋਕ ਯਿਸੂ ਮਸੀਹ ਨੂੰ ਇਨਕਾਰ ਕਰਦੇ ਹਨ, ਉਹ ਮਸੀਹ ਵਿਰੋਧੀ ਵਲੋਂ ਠੱਗ ਲਏ ਜਾਣਗੇ ਅਤੇ ਉਨ੍ਹਾਂ ਦੇ ਸੱਜੇ ਹੱਥ ਜਾਂ ਮੱਥੇ ਉੱਤੇ "ਜਾਨਵਰ ਦਾ ਨਿਸ਼ਾਨ" ਲਾਇਆ ਜਾਵੇਗਾ। ਜਿਸ ਕੋਲ ਇਹ ਨਿਸ਼ਾਨ ਜਾਂ ਸੰਖਿਆ ਨਹੀਂ ਹੋਵੇਗੀ, ਉਹ ਨਾ ਤਾਂ ਕੁਝ ਖਰੀਦ ਸਕੇਗਾ ਅਤੇ ਨਾ ਹੀ ਵੇਚ ਸਕੇਗਾ। ਬਾਈਬਲ ਦੱਸਦੀ ਹੈ ਕਿ ਇਸ ਦੀ ਸੰਖਿਆ 666 ਹੈ। ਇਹ ਮਸੀਹ ਵਿਰੋਧੀ ਸੱਤ ਸਾਲਾਂ ਲਈ ਰਾਜ ਕਰੇਗਾ ਅਤੇ ਇਹ ਸਮਾਂ ਇਸ ਸੰਸਾਰ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਹੋਵੇਗਾ। (ਪਰਕਾਸ਼ ਦੀ ਪੋਥੀ 13 ਅਤੇ ਮੱਤੀ 24 ਵੇਖੋ)

ਪਰ ਜਦੋਂ ਇਹ ਸੰਸਾਰ ਤੇ ਹਨੇਰਾ ਛਾਅ ਜਾਵੇਗਾ, ਤਾਂ ਸਭ ਤੋਂ ਰੋਸ਼ਨ ਸਵੇਰ ਅਚਾਨਕ ਆਏਗੀ। ਮਸੀਹ ਵਿਰੋਧੀ ਦੇ ਰਾਜ ਦਾ ਅੰਤ ਹੋਵੇਗਾ।ਯਿਸੂ ਮਸੀਹ ਆਪ "ਆਸਮਾਨ ਦੇ ਬੱਦਲਾਂ 'ਚ ਸ਼ਕਤੀ ਅਤੇ ਮਹਾਨ ਮਹਿਮਾ ਦੇ ਨਾਲ" ਦੁਬਾਰਾ ਆਉਣਗੇ, ਤਾਂ ਜੋ ਆਪਣੇ ਲੋਕਾਂ ਨੂੰ ਮਸੀਹ ਵਿਰੋਧੀ ਅਤੇ ਉਸ ਦੀ ਸੈਨਾ ਦੀ ਪੀੜਾ ਤੋਂ ਬਚਾ ਸਕਣ। (ਮੱਤੀ 24:29–31; 1 ਕੁਰਿੰਥੀਆਂ 15:51–52; ਪਰਕਾਸ਼ ਦੀ ਪੋਥੀ 14:14–16)

ਉਹ ਸਾਰੇ ਮਸੀਹੀ ਲੋਕ ਜੋ ਪਹਿਲਾਂ ਮਰ ਚੁੱਕੇ ਹਨ, ਉਹਨਾਂ ਨੂੰ ਅਮਰ, ਅਵਿਨਾਸ਼ੀ ਜੀਵਨ ਦੇ ਨਵੇਂ ਸਰੀਰ ਮਿਲਣਗੇ ਅਤੇ ਉਹ ਆਪਣੀਆਂ ਕਬਰਾਂ ਵਿੱਚੋਂ ਜੀ ਉੱਠਣਗੇ। ਜੋ ਲੋਕ ਉਸ ਸਮੇਂ ਧਰਤੀ 'ਤੇ ਜੀਉਂਦੇ ਹੋਣਗੇ, ਉਹਨਾਂ ਦੇ ਸਰੀਰ ਇਕ ਪਲ ਵਿਚ ਬਦਲ ਜਾਣਗੇ ਅਤੇ ਉਹਨਾਂ ਨੂੰ ਵੀ ਸਦੀਵੀ ਜੀਵਨ ਵਾਲਾ ਨਵਾਂ ਸਰੀਰ ਮਿਲੇਗਾ। ਤਦ ਅਸੀਂ ਸਭ ਇਕੱਠੇ ਹੋ ਕੇ ਆਕਾਸ਼ ਵਿੱਚ ਉੱਪਰ ਉਠਾਏ ਜਾਵਾਂਗੇ "ਤਾਂ ਜੋ ਪਰਮੇਸ਼ਰ ਨੂੰ ਸਵਰਗ ਵਿੱਚ ਮਿਲ ਸਕੀਏ।"(1 ਥੱਸਲੁਨੀਕੀਆਂ 4:14–17)

ਜਦ ਅਸੀਂ ਸਾਰੇ ਯਿਸੂ ਮਸੀਹ ਨਾਲ ਆਕਾਸ਼ ਵਿੱਚ ਇਕੱਠੇ ਹੋ ਜਾਵਾਂਗੇ, ਤਾਂ ਮਸੀਹ ਅਤੇ ਉਹਦੇ ਵਿਸ਼ਵਾਸੀ ਧਰਤੀ ਉੱਤੇ ਵਾਪਸ ਆਉਣਗੇ। ਉਹ ਮਸੀਹ ਵਿਰੋਧੀ ਦੀ ਦੁਸ਼ਟ ਫੌਜਾਂ ਨੂੰ ਇੱਕ ਮਹਾਂ ਯੁੱਧ (ਅਰਮਗੈਦਨ ਦੀ ਲੜਾਈ) 'ਚ ਹਰਾ ਦੇਣਗੇ। (ਪਰਕਾਸ਼ ਦੀ ਪੋਥੀ 19) ਇਸ ਤੋਂ ਬਾਅਦ ਯਿਸੂ ਅਤੇ ਉਹਦੇ ਜੀ ਉੱਠੇ ਹੋਏ ਲੋਕ ਧਰਤੀ ਉੱਤੇ ਪਰਮੇਸ਼ੁਰ ਦਾ ਰਾਜ ਕਾਇਮ ਕਰਨਗੇ, ਜਿੱਥੇ ਸੱਚਾਈ, ਨਿਆਂ ਅਤੇ ਧਾਰਮਿਕਤਾ ਨਾਲ ਰਾਜ ਕੀਤਾ ਜਾਵੇਗਾ। (ਪਰਕਾਸ਼ ਦੀ ਪੋਥੀ 20:4)

ਇਸ ਧਰਤੀ ਉੱਤੇ ਮਸੀਹ ਦੇ ਹਜ਼ਾਰ ਸਾਲਾਂ ਦੇ ਮਹਾਨ ਰਾਜ ਤੋਂ ਬਾਅਦ, ਪਰਮੇਸ਼ੁਰ ਦਾ ਮਹਾਨ ਆਕਾਸ਼ੀ ਸ਼ਹਿਰ ਇੱਕ ਨਵੀਂ ਅਤੇ ਸੁੰਦਰ ਬਣਾਈ ਹੋਈ ਧਰਤੀ ਉੱਤੇ ਉਤਰੇਗਾ, ਜਿੱਥੇ ਅਸੀਂ ਸਦਾ

ਬਾਈਬਲ ਭਵਿੱਖਬਾਣੀਆਂ ਨਾਲ ਭਰੀ ਹੋਈ ਹੈ — ਅਜਿਹੀਆਂ ਭਵਿੱਖਬਾਣੀਆਂ ਜੋ ਪਰਮੇਸ਼ੁਰ ਦੇ ਨਬੀਆਂ ਵੱਲੋਂ ਹਜ਼ਾਰਾਂ ਸਾਲ ਪਹਿਲਾਂ ਲਿਖੀਆਂ ਗਈਆਂ ਸਨ। ਇਹ ਭਵਿੱਖਬਾਣੀਆਂ ਅੱਜ ਦੇ ਸੰਸਾਰ ਦੀ ਹਕੀਕਤ ਅਤੇ ਹੋ ਰਹੀਆਂ ਘਟਨਾਵਾਂ ਦਾ ਬਹੁਤ ਸਟੀਕ ਢੰਗ ਨਾਲ ਵੇਰਵਾ ਦਿੰਦੀਆਂ ਹਨ। ਅਸੀਂ ਹੁਣ ਉਸ ਸਮੇਂ ਵਿਚ ਜੀ ਰਹੇ ਹਾਂ, ਜਿਸ ਨੂੰ ਬਾਈਬਲ "ਅੰਤ ਸਮਾਂ" ਕਹਿੰਦੀ ਹੈ—ਇਹ ਉਹ ਦੌਰ ਹੈ ਜੋ ਮਨੁੱਖੀ ਇਤਿਹਾਸ ਦੇ ਅੰਤ ਅਤੇ ਯਿਸੂ ਮਸੀਹ ਦੀ ਦੂਜੀ ਆਮਦ ਤੋਂ ਪਹਿਲਾਂ ਜਦ ਉਹ ਧਰਤੀ ਉੱਤੇ ਆਪਣਾ ਰਾਜ ਕਾਇਮ ਕਰੇਗਾ ਉਸ ਸਮੇ ਨੂੰ ਦਰਸਾਉਂਦਾ ਹੈ।

ਬਾਈਬਲ ਸਾਨੂੰ ਚੇਤਾਵਨੀ ਦਿੰਦੀ ਹੈ ਕਿ "ਅਖੀਰੀ ਦਿਨਾਂ" ਦੇ ਅੰਤ ਵਿੱਚ ਇੱਕ ਸ਼ਕਤੀਸ਼ਾਲੀ ਵਿਸ਼ਵ ਸਰਕਾਰ ਉੱਭਰੇਗੀ, ਜਿਸਦਾ ਨੇਤਾ ਇੱਕ ਤਾਨਾਸ਼ਾਹ ਹੋਵੇਗਾ ਜਿਸਨੂੰ ਬਾਈਬਲ 'ਮਸੀਹ ਵਿਰੋਧੀ' ਕਹਿੰਦੀ ਹੈ। ਉਹ ਲੋਕਾਂ ਨੂੰ ਮਜਬੂਰ ਕਰੇਗਾ ਕਿ ਉਹ ਉਸਦੀ ਉਪਾਸਨਾ ਕਰਨ। (2 ਥੱਸਲੁਨੀਕੀਆਂ 2 ਵੇਖੋ) ਜੋ ਲੋਕ ਯਿਸੂ ਮਸੀਹ ਨੂੰ ਇਨਕਾਰ ਕਰਦੇ ਹਨ, ਉਹ ਮਸੀਹ ਵਿਰੋਧੀ ਵਲੋਂ ਠੱਗ ਲਏ ਜਾਣਗੇ ਅਤੇ ਉਨ੍ਹਾਂ ਦੇ ਸੱਜੇ ਹੱਥ ਜਾਂ ਮੱਥੇ ਉੱਤੇ "ਜਾਨਵਰ ਦਾ ਨਿਸ਼ਾਨ" ਲਾਇਆ ਜਾਵੇਗਾ। ਜਿਸ ਕੋਲ ਇਹ ਨਿਸ਼ਾਨ ਜਾਂ ਸੰਖਿਆ ਨਹੀਂ ਹੋਵੇਗੀ, ਉਹ ਨਾ ਤਾਂ ਕੁਝ ਖਰੀਦ ਸਕੇਗਾ ਅਤੇ ਨਾ ਹੀ ਵੇਚ ਸਕੇਗਾ। ਬਾਈਬਲ ਦੱਸਦੀ ਹੈ ਕਿ ਇਸ ਦੀ ਸੰਖਿਆ 666 ਹੈ। ਇਹ ਮਸੀਹ ਵਿਰੋਧੀ ਸੱਤ ਸਾਲਾਂ ਲਈ ਰਾਜ ਕਰੇਗਾ ਅਤੇ ਇਹ ਸਮਾਂ ਇਸ ਸੰਸਾਰ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਹੋਵੇਗਾ। (ਪਰਕਾਸ਼ ਦੀ ਪੋਥੀ 13 ਅਤੇ ਮੱਤੀ 24 ਵੇਖੋ)

ਪਰ ਜਦੋਂ ਇਹ ਸੰਸਾਰ ਤੇ ਹਨੇਰਾ ਛਾਅ ਜਾਵੇਗਾ, ਤਾਂ ਸਭ ਤੋਂ ਰੋਸ਼ਨ ਸਵੇਰ ਅਚਾਨਕ ਆਏਗੀ। ਮਸੀਹ ਵਿਰੋਧੀ ਦੇ ਰਾਜ ਦਾ ਅੰਤ ਹੋਵੇਗਾ।ਯਿਸੂ ਮਸੀਹ ਆਪ "ਆਸਮਾਨ ਦੇ ਬੱਦਲਾਂ 'ਚ ਸ਼ਕਤੀ ਅਤੇ ਮਹਾਨ ਮਹਿਮਾ ਦੇ ਨਾਲ" ਦੁਬਾਰਾ ਆਉਣਗੇ, ਤਾਂ ਜੋ ਆਪਣੇ ਲੋਕਾਂ ਨੂੰ ਮਸੀਹ ਵਿਰੋਧੀ ਅਤੇ ਉਸ ਦੀ ਸੈਨਾ ਦੀ ਪੀੜਾ ਤੋਂ ਬਚਾ ਸਕਣ। (ਮੱਤੀ 24:29–31; 1 ਕੁਰਿੰਥੀਆਂ 15:51–52; ਪਰਕਾਸ਼ ਦੀ ਪੋਥੀ 14:14–16)

ਉਹ ਸਾਰੇ ਮਸੀਹੀ ਲੋਕ ਜੋ ਪਹਿਲਾਂ ਮਰ ਚੁੱਕੇ ਹਨ, ਉਹਨਾਂ ਨੂੰ ਅਮਰ, ਅਵਿਨਾਸ਼ੀ ਜੀਵਨ ਦੇ ਨਵੇਂ ਸਰੀਰ ਮਿਲਣਗੇ ਅਤੇ ਉਹ ਆਪਣੀਆਂ ਕਬਰਾਂ ਵਿੱਚੋਂ ਜੀ ਉੱਠਣਗੇ। ਜੋ ਲੋਕ ਉਸ ਸਮੇਂ ਧਰਤੀ 'ਤੇ ਜੀਉਂਦੇ ਹੋਣਗੇ, ਉਹਨਾਂ ਦੇ ਸਰੀਰ ਇਕ ਪਲ ਵਿਚ ਬਦਲ ਜਾਣਗੇ ਅਤੇ ਉਹਨਾਂ ਨੂੰ ਵੀ ਸਦੀਵੀ ਜੀਵਨ ਵਾਲਾ ਨਵਾਂ ਸਰੀਰ ਮਿਲੇਗਾ। ਤਦ ਅਸੀਂ ਸਭ ਇਕੱਠੇ ਹੋ ਕੇ ਆਕਾਸ਼ ਵਿੱਚ ਉੱਪਰ ਉਠਾਏ ਜਾਵਾਂਗੇ "ਤਾਂ ਜੋ ਪਰਮੇਸ਼ਰ ਨੂੰ ਸਵਰਗ ਵਿੱਚ ਮਿਲ ਸਕੀਏ।"(1 ਥੱਸਲੁਨੀਕੀਆਂ 4:14–17)

ਜਦ ਅਸੀਂ ਸਾਰੇ ਯਿਸੂ ਮਸੀਹ ਨਾਲ ਆਕਾਸ਼ ਵਿੱਚ ਇਕੱਠੇ ਹੋ ਜਾਵਾਂਗੇ, ਤਾਂ ਮਸੀਹ ਅਤੇ ਉਹਦੇ ਵਿਸ਼ਵਾਸੀ ਧਰਤੀ ਉੱਤੇ ਵਾਪਸ ਆਉਣਗੇ। ਉਹ ਮਸੀਹ ਵਿਰੋਧੀ ਦੀ ਦੁਸ਼ਟ ਫੌਜਾਂ ਨੂੰ ਇੱਕ ਮਹਾਂ ਯੁੱਧ (ਅਰਮਗੈਦਨ ਦੀ ਲੜਾਈ) 'ਚ ਹਰਾ ਦੇਣਗੇ। (ਪਰਕਾਸ਼ ਦੀ ਪੋਥੀ 19) ਇਸ ਤੋਂ ਬਾਅਦ ਯਿਸੂ ਅਤੇ ਉਹਦੇ ਜੀ ਉੱਠੇ ਹੋਏ ਲੋਕ ਧਰਤੀ ਉੱਤੇ ਪਰਮੇਸ਼ੁਰ ਦਾ ਰਾਜ ਕਾਇਮ ਕਰਨਗੇ, ਜਿੱਥੇ ਸੱਚਾਈ, ਨਿਆਂ ਅਤੇ ਧਾਰਮਿਕਤਾ ਨਾਲ ਰਾਜ ਕੀਤਾ ਜਾਵੇਗਾ। (ਪਰਕਾਸ਼ ਦੀ ਪੋਥੀ 20:4)

ਇਸ ਧਰਤੀ ਉੱਤੇ ਮਸੀਹ ਦੇ ਹਜ਼ਾਰ ਸਾਲਾਂ ਦੇ ਮਹਾਨ ਰਾਜ ਤੋਂ ਬਾਅਦ, ਪਰਮੇਸ਼ੁਰ ਦਾ ਮਹਾਨ ਆਕਾਸ਼ੀ ਸ਼ਹਿਰ ਇੱਕ ਨਵੀਂ ਅਤੇ ਸੁੰਦਰ ਬਣਾਈ ਹੋਈ ਧਰਤੀ ਉੱਤੇ ਉਤਰੇਗਾ, ਜਿੱਥੇ ਅਸੀਂ ਸਦਾ